## ਹਿੰਦੋਸਤਾਨ ਦੀ ਆਜ਼ਾਦੀ ਦੀ ਪਹਿਲੀ ਜੰਗ ਦੀ ੧੪੫ਵੀਂ ਵਰ੍ਹੇਗੰਢ ਦੇ ਮੌਕੇ

੧੦ਮਈ ੨੦੦੨ ਦਾ ਦਿਨ ਹਿੰਦੋਸਤਾਨ ਦੀ ਆਜ਼ਾਦੀ ਦੀ ਪਹਿਲੀ ਜੰਗ ਦੀ ੧੪੫ਵੀਂ ਵਰ੍ਹੇਗੰਢ ਦਾ ਦਿਨ ਹੈ। ੧੮੫੭ ਦੇ ਦੇਸ਼ਭਗਤਾਂ ਅਤੇ ਇਨਕਲਾਬੀਆਂ ਨੇ ਹਿਕ ਥਾਪੜ ਕੇ ਐਲਾਨਿਆਂ ਸੀਃ

***ਹਮ ਹੈਂ ਇਸਕੇ ਮਾਲਿਕ ਹਿੰਦੋਸਤਾਨ ਹਮਾਰਾ***
***ਪਾਕਵਤਨ ਹੈ ਕੌਮੋਂ ਕਾ ਜੰਨਤ ਸੇ ਭੀ ਪਿਆਰਾ***

ਇਹ ਤਰਾਨਾ ਗਾਉਂਦੇ ਹੋਏ ਉਹ ਹਿੰਦੋਸਤਾਨ ਦੇ ਹਰ ਕੋਨੇ ਤੋਂ ਉਠੇ ਤੇ ਦਿਲੀ ਵੱਲ ਵਧੇ ਤਾਂ ਕਿ ਅੰਗਰੇਜ਼ ਬਸਤੀਵਾਦੀਆਂ ਦੀ ਗੁਲਾਮੀ ਦਾ ਜੂਲਾ ਆਪਣੇ ਗਲੋਂ ਲਾਹ ਸਕਣ। ਹਿੰਦੋਸਤਾਨ ਦੀ ਗੁਲਾਮੀ ਨੂੰ ਖ਼ਤਮ ਕਰਨ ਦੀ ਇਸ ਪਹਿਲੀ ਜੰਗ ਨੇ, ਜਿਸਨੂੰ ਲੋਕ ਗ਼ਦਰ ਦੇ ਨਾਮ ਨਾਲ ਵੀ ਜਾਣਦੇ ਹਨ, ਲੋਕਾਂ ਦੀ ਤਾਕਤ ਅਤੇ ਰਾਜ ਦੇ ਸਵਾਲ ਨੂੰ ਉਸ ਇਨਕਲਾਬੀ ਤੇ ਅਗਾਂਹਵਧੂ ਅਧਾਰ ਉਤੇ ਅੱਗੇ ਕੀਤਾ ਜਿਸ ਦੀ ਰੀਸ `ਯੋਰਪੀ ਲਿਬਰਲਵਾਦ`, `ਨੁਮਾਇੰਦਾ ਜਮਹੂਰੀਅਤ` ਅਤੇ `ਮੁਲਕ ਦੀ ਏਕਤਾ ਅਤੇ ਅਖੰਡਤਾ` ਜਾਂ `ਸੈਕੂਲਰਵਾਦ` ਵਰਗੇ ਖੋਖਲੇ ਅਤੇ ਫੋਕੇ ਨਾਅਰੇ ਕਦੇ ਵੀ ਨਹੀਂ ਕਰ ਸਕਦੇ। ਬਰਤਾਨਵੀ ਬਸਤੀਵਾਦ ਦੇ ਸ਼ਰਧਾਲੂ ਜੋ ਬਾਅਦ ਵਿਚ ਕਾਂਗਰਸ, ਮੁਸਲਿਮ ਲੀਗ ਅਤੇ ਸੀ.ਪੀ.ਆਈ. ਦੇ ਆਗੂ ਬਣੇ ਉਹ ਯੂਰਪੀ ਲਿਬਰਲਬਾਦ ਦੇ ਵਿਚਾਰਾਂ ਤੇ ਅਦਾਰਿਆਂ ਦੇ ਕਾਇਲ ਸਨ ਤੇ ਇਸਦੇ ਬਖ਼ਸ਼ੇ ਹੋਏ ਮੰਤਰਾਂ ਦੀ ਲਕੀਰ ਦੇ ਫ਼ਕੀਰ ਬਣੇ ਰਹੇ। ਸੀ.ਪੀ.ਆਈ.(ਮ), ਭਾਜਪਾ, ਰਾਸ਼ਟਰੀ ਜੰਤਾ ਦਲ, ਸੋਸ਼ਲਿਸਟ ਪਾਰਟੀ ਅਤੇ ਇਨ੍ਹਾਂ ਵਰਗੀਆਂ ਹੋਰ ਰਾਜਸੀ ਪਾਰਟੀਆਂ ਵੀ ਇਨ੍ਹਾਂ ਦਕੀਆਨੂਸੀ ਨਾਅਰਿਆਂ ਦੇ ਆਸਰੇ ਹੀ ਲੋਕਾਂ ਨੂੰ ਤਾਕਤ ਤੋਂ ਪਰ੍ਹੇ ਰੱਖਕੇ ਆਪ ਮੌਜਾਂ ਕਰ ਰਹੀਆਂ ਹਨ।

੧੮੫੭ ਦੇ ਗ਼ਦਰੀਆਂ ਨੇ ਠੋਕ ਵਜਾ ਕੇ ਕਿਹਾ ਸੀ ***ਹਮ ਹੈਂ ਇਸਕੇ ਮਾਲਕ*** ਮਤਲਬ ਇਹ ਕਿ ਹਿੰਦੋਸਤਾਨ ਦੀ ਪ੍ਰਭੂਸਤਾ ਦੇ ਮਾਲਕ, ਸਰਬਉਚ ਤਾਕਤ ਪਰਜਾ ਹੈ ਲੋਕ ਹਨ ਪਾਰਲੀਮੈਂਟ ਜਾਂ ਜਾਇਦਾਦਾਂ ਦੇ ਮਾਲਕ ਨਹੀਂ। ਹਿੰਦੋਸਤਾਨੀਆਂ ਦੇ ਬੇਸ਼ੱਕ ਧਰਮ ਵੱਖੋ ਵਖਰੇ ਹਨ, ਬੇਸ਼ੱਕ ਇਲਾਕੇ ਵੱਖੋ ਵਖਰੇ ਹਨ, ਬੇਸ਼ੱਕ ਸਿਆਸੀ ਰਾਏ ਵੱਖੋ ਵੱਖਰੀ ਹੈ, ਸਮਾਜੀ ਰੁਤਬਾ ਕਿਸੇ ਦਾ ਉਚਾ ਜਾਂ ਨੀਵਾਂ ਹੋ ਸਕਦਾ ਹੈ, ਉਹ ਮਰਦ ਹਨ ਜਾਂ ਔਰਤਾਂ ਹਨ, ਇਹੋ ਜਿਹੇ ਫ਼ਰਕ ਉਨ੍ਹਾਂ ਵਿਚ ਹੋ ਸਕਦੇ ਹਨ ਪਰ ਇਨ੍ਹਾਂ ਗੱਲਾਂ ਦਾ ਇਸ ਚੀਜ਼ ਨੂੰ ਕੋਈ ਫ਼ਰਕ ਨਹੀਂ ਪੈਂਦਾ ਕਿ ਹਿੰਦੋਸਤਾਨ ਉਨ੍ਹਾਂ ਦਾ ਵਤਨ ਹੈ। ਹਿੰਦੋਸਤਾਨ ਬ੍ਰਾਹਮਣਾਂ, ਮੌਲਵੀਆਂ ਜਾਂ ਇਲਾਹੀ ਹੱਕਾਂ ਵਾਲੇ ਰਾਜੇ ਰਾਣਿਆਂ ਦੀ ਮਲਕੀਅਤ ਨਹੀਂ। ਇਸਦੇ ਅਸਲੀ ਮਾਲਕ ਹਿੰਦੋਸਤਾਨੀ ਲੋਕ ਹਨ ਅਤੇ ਉਹ ਫੈਸਲਾ ਕਰਨਗੇ ਕਿ ਉਨ੍ਹਾਂ ਨੇ ਕਿਹੋ ਜਿਹਾ ਸਮਾਜ ਉਸਾਰਨਾ ਹੈ ਤੇ ਕਿਸ ਪਾਸੇ ਨੂੰ ਤੁਰਨਾ ਹੈ। ਇਹ ਫੈਸਲਾ ਕਰਨ ਦਾ ਹੱਕ ਸਿਰਫ਼ ਹਿੰਦੋਸਤਾਨ ਦੇ ਲੋਕਾਂ ਨੂੰ ਹੈ।

ਇਹ ਹਿੰਦੋਸਤਾਨ ਕੀ ਹੈ? ਇਹ ਪਵਿਤਰ ਅਤੇ ਪਿਆਰਾ ਵਤਨ ਹੈ ਉਨ੍ਹਾਂ ਕੌਮਾਂ ਤੇ ਕੌਮੀਅਤਾਂ ਜੋ ਇਸ ਵਿਚ ਵਸਦੀਆਂ ਹਨ। ਸਾਡੇ ਲਈ ਇਹ ਜੰਨਤ ਤੋਂ ਵੀ ਪਿਆਰਾ ਉਨ੍ਹਾਂ ਕੌਮਾਂ ਅਤੇ ਕੌਮੀਅਤਾਂ ਕਰਕੇ ਹੈ ਜੋ ਇਸਦੀ ਧਰਤੀ ਤੇ ਰਹਿੰਦੀਆਂ ਹਨ ਤੇ ਇਕ ਸੁੰਦਰ ਬਗ਼ੀਚੇ ਦੇ ਫੁਲਾਂ ਵਾਂਗਰ ਹਨ ਅਤੇ ਇਸਦੀਆਂ ਅਸਲ ਮਾਲਕ ਹਨ। ਇਸ ਧਰਤੀ ਦਾ ਮਾਲਕ ਹੋਰ ਕੋਈ ਨਹੀਂ। `ਹਮ` ਦਾ ਮਤਲਬ ਹੈ ਇਸ ਵਤਨ ਵਿਚ ਵਸਦੇ ਸਾਰੇ ਲੋਕ ਯਾਨੀ ਅਸੀਂ। ਅਤੇ `ਹਿੰਦੋਸਤਾਨ ਹਮਾਰਾ` ਦਾ ਨਜ਼ਰੀਆ ਇਕ ਉਹ ਨਜ਼ਰੀਆ ਹੈ ਕਿ ਇਹ ਉਹ ਵਤਨ ਹੈ ਜੋ ਸਾਨੂੰ ਜੰਨਤ ਨਾਲੋਂ ਵੀ ਪਿਆਰਾ ਹੈ ਕਿਉਂਕਿ ਇਸਦੇ ਮਾਲਕ ਅਸੀਂ ਹਾਂ ਕੋਈ ਹੋਰ ਨਹੀਂ। ੧੮੫੭ ਦੇ ਗ਼ਦਰ ਨੇ ਇਹ ਚੈਲੰਜ ਪੇਸ਼ ਕੀਤਾ ਸੀ।

੧੯ਵੀਂ ਸਦੀ ਦੇ ਅਖ਼ੀਰ ਤੋਂ ਲੈਕੇ ਹੋਂਦ ਵਿਚ ਆਈਆਂ ਸਾਰੀਆਂ ਸਿਆਸੀ ਪਾਰਟੀਆਂ ਵਿਚੋਂ ਕਿਸੇ ਨੇ ਵੀ ੧੮੫੭ ਦੇ ਗ਼ਦਰ ਦੀ ਇਸ ਵੰਗਾਰ ਨੂੰ ਕਬੂਲ ਨਹੀਂ ਕੀਤਾ ਕਿ ***ਹਮ ਹੈਂ ਇਸਕੇ ਮਾਲਕ ਹਿੰਦੋਸਤਾਂ ਹਮਾਰਾ,*** ਇਹ ਸਾਰੇ ਇਸ ਵੰਗਾਰ ਤੋਂ ਭਜਦੇ ਹਨ ਤੇ ਡਰਦੇ ਹਨ ਕਿ ਕਿਤੇ `ਹਮ`, ਲੋਕ ਤਾਕਤ ਵਿਚ ਨਾ ਆ ਜਾਣ। ਦਰਅਸਲ ਇਹ ਪਾਰਟੀਆਂ ਬਣਾਈਆਂ ਹੀ ਇਸ ਲਈ ਗਈਆਂ ਸਨ ਕਿ ੧੮੫੭ ਦੇ ਵੇਲੇ ਹਿੰਦੋਸਤਾਨ ਦੇ ਲੋਕਾਂ ਵਲੋਂ ਪੇਸ਼ ਕੀਤਾ ਗਿਆ ਇਹ ਚੈਲੰਜ ਖ਼ਤਮ ਕੀਤਾ ਜਾ ਸਕੇ। ਇਹ ਸਾਰੀਆਂ ਹੀ ਸਿਆਸੀ ਪਾਰਟੀਆਂ ਕਿਉਂਕਿ ਇਸ ਬਸਤੀਵਾਦੀ ਤੇ ਯੂਰੋਵਾਦੀ ਨਜ਼ਰੀਏ ਨੂੰ ਮੰਨਕੇ ਤੁਰੀਆਂ ਸਨ ਕਿ ਨੁਮਾਇੰਦਾ ਜਮਹੂਰੀਅਤ ਦਾ ਸੰਕਲਪ ਅਤੇ ਅਦਾਰੇ ਸਭ ਤੋਂ ਵਧੀਆ ਹਨ, ਇਸੇ ਕਰਕੇ ਇਹ `ਹਮ` ਭਾਵ ਪਰਜਾ ਦੇ ਹੱਥਾਂ ਵਿਚ ਤਾਕਤ ਆਉਣ ਤੋਂ ਰੋਕਦੀਆਂ ਹਨ। ਹਿੰਦੋਸਤਾਨ ਦੀ ਰਸਮੀ ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿਚ ਬਣੀਆਂ ਇਹ ਸਾਰੀਆਂ ਸਿਆਸੀ ਧਿਰਾਂ ਗ਼ਦਰ ਦੇ ਇਸ ਸੱਦੇ ਨੂੰ ਸੁਣਨ ਤੋਂ ਇਨਕਾਰੀ ਹਨ ਕਿ ਤਾਕਤ `ਹਮ` ਪਰਜਾ ਦੇ ਕੋਲ ਹੋਵੇ ਤੇ `ਹਮ` ਐਸਾ ਹਿੰਦੋਸਤਾਨ ਉਸਾਰੀਏ ਜਿਥੇ ਸਾਰੀਆਂ ਕੌਮਾਂ ਤੇ ਕੌਮੀਅਤਾਂ ਅਣਖ਼ ਅਤੇ ਸ਼ਾਨ ਦਾ ਜੀਵਨ ਜੀਵਣ ਇਕ ਜੇਲ੍ਹ ਵਰਗਾ ਨਹੀਂ।

੧੯੪੭ ਤੋਂ ਪਹਿਲਾਂ ਬਰਤਾਨਵੀ ਬਸਤੀਵਾਦ ਦੇ ਬਣਾਏ ਹੋਏ ਸਾਰੇ ਅਦਾਰੇ ਅਤੇ ਬਾਅਦ ਵਿਚ ਉਨ੍ਹਾਂ ਦੇ ਹਿੰਦੋਸਤਾਨੀ ਜੋਟੀਦਾਰਾਂ, ਜਿਨ੍ਹਾਂ ਨੂੰ ਉਹ ੧੯੪੭ ਵਿਚ ਜਾਂਦੇ ਹੋਏ ਤਾਕਤ ਸੰਭਾਲ ਗਏ ਸਨ, ਵਲੋਂ ਬਣਾਈਆਂ ਗਈਆਂ ਸੰਸਥਾਵਾਂ ਦਾ ਮਕਸਦ ਇਹੋ ਹੀ ਹੈ ਕਿ `ਹਮ`, ਲੋਕ, ਤਾਕਤ ਦੇ ਲਾਗੇ ਨਾ ਫਟਕਣ ਤੇ ਆਪਣੀ ਤਕਦੀਰ ਦੇ ਫੈਸਲੇ ਆਪ ਨਾ ਕਰ ਸਕਣ। ਹਿੰਦੋਸਤਾਨ ਦੇ ਮਾਲਕ `ਹਮ` ਹੋਣ ਦੀ ਥਾਂ `ਹਮ` ਗੁਲਾਮ ਬਣਾ ਕੇ ਰੱਖ ਦਿਤੇ ਗਏ ਹਨ ਹਿੰਦੋਸਤਾਨ ਦੇ ਵੱਡੇ ਸਰਮਾਏਦਾਰਾਂ ਅਤੇ ਵੱਡੇ ਜਗੀਰਦਾਰਾਂ ਦੇ ਜ਼ਰਖਰੀਦ ਗ਼ੁਲਾਮ। ਹਿੰਦੋਸਤਾਨ ਦੇ ਲੋਕਾਂ ਦੀ ਇਸ ਗੁਲਾਮੀ ਤੇ ਦਾਸਤਾ ਦੀਆਂ ਜ਼ੰਜੀਰਾਂ ਨੂੰ ਹਿੰਦੋਸਤਾਨ ਦੇ ਹਾਕਮ ਤਬਕੇ ਨੇ ਪਿਛਲੇ ਕੁਝ ਸਾਲਾਂ ਦੇ ਸਮੇਂ ਤੋਂ ਸਮਾਜ-ਵਿਰੋਧੀ ਹਮਲੇ ਰਾਹੀਂ ਹੋਰ ਮਜ਼ਬੂਤ ਕੀਤਾ ਹੈ।

ਹਿੰਦੋਸਤਾਨ ਦੀ ਆਜ਼ਾਦੀ ਦੀ ਪਹਿਲੀ ਜੰਗ ਦੀ ੧੪੫ਵੀਂ ਸਾਲਗ੍ਰਿਹ ਹਿੰਦੋਸਤਾਨ ਦੇ ਸਾਰੇ ਲੋਕਾਂ, ਹਮ, ਨੂੰ ਯਾਦ ਕਰਵਾਉਂਦੀ ਹੈ ਕਿ ਇਸ ਖ਼ੁਦਮੁਖ਼ਤਾਰ ਧਰਤੀ ਦੇ ਮਾਲਕ ਅਸੀਂ ਹਾਂ ਅਤੇ ਅਸੀਂ ਬਰਤਾਨਵੀਂ ਤੇ ਅਮਰੀਕੀ ਸਾਮਰਾਜੀਆਂ ਦੇ ਭਾਈਵਾਲਾਂ ਤੋਂ, ਜੋ ਦਿਲੀ ਵਿਚ ਗੱਦੀ ਨਸ਼ੀਨ ਹਨ, ਇਹ ਮੁਲਕ ਜ਼ਰੂਰ ਵਾਪਸ ਲੈਣਾਂ ਹੈ। ੧੮੫੭ ਦੇ ਗ਼ਦਰ ਦਾ ਗੂੰਜਦਾ ਨਗਾਰਾ ਸਾਨੂੰ ਸਾਰਿਆਂ ਪੁਕਾਰਦਾ ਹੈ ਕਿ ਅਸੀਂ ਸਾਰੇ ਇਕੱਠੇ ਹੋਕੇ ਹਿੰਦੋਸਤਾਨ ਦੀ ਜਮਹੂਰੀ ਨਵਉਸਾਰੀ ਲਈ ਜ਼ੋਰ ਲਾਈਏ ਤਾਂਕਿ ਹਿੰਦੋਸਤਾਨ ਦੇ ਮਾਲਕ ਬਣ ਸਕੀਏ ਤੇ ਕਿਸੇ ਵੀ ਸਿਆਸੀ ਪਾਰਟੀ ਦੀ ਵਿਚੋਲਗਿਰੀ ਤੋਂ ਬਗੈਰ ਰਾਜ ਕਰੀਏ ਤੇ ਹਿੰਦੋਸਤਾਨ ਨੂੰ ਖ਼ੁਸ਼ਹਾਲੀ, ਅਮਨ ਅਤੇ ਰੌਸ਼ਨਦਿਮਾਗ਼ੀ ਦੇ ਰਾਹ ਤੇ ਤੋਰਿਆ ਜਾ ਸਕੇ।